ਇੱਕ ਜੁਗਨੂੰ

ਕਮਲਜੀਤ ਮਾਂਗਟ



ਏਸ਼ੀਆ ਵਿਜ਼ਨ

IK JUGNU

(Punjabi Haiku in 5-7-5 Format)

©

ਕਮਲਜੀਤ ਮਾਂਗਟ

ਪਿੰਡ ਤੇ ਡਾ. ਕੁੱਬਾ, ਤਹਿਸੀਲ ਸਮਰਾਲਾ

ਜਿਲ੍ਹਾ ਲੁਧਿਆਣਾ, ਪੰਜਾਬ, ਇੰਡੀਆ

Email : kamaljit.mangat707@yahoo.com
Phone : 01628-266989
Dubai : 97150-2614602

2014

ਇਸ ਤੋਂ ਪਹਿਲਾਂ

ਸਰਘੀ ਵੇਲਾ **2013**

ਟਾਇਟਲ : ਜਨਮੇਜਾ ਜੌਹਲ

ਮੁੱਲ **125** ਰੁਪਏ

ਏਸ਼ੀਆ ਵਿਜ਼ਨ

ਲੁਧਿਆਣਾ

1-209-589-3367

91-98159-45018

janmeja@gmail.com

ਸਮਰਪਤ

ਮੇਰੇ ਸਮੂਹ ਪਰਿਵਾਰ ਨੂੰ

'ਸਰਘੀ ਵੇਲਾ' ਤੋਂ 'ਇੱਕ ਜੁਗਨੂੰ' ਤੱਕ

ਜਾਪਾਨ ਦਾ ਪ੍ਰਸਿੱਧ ਕਾਵਿ-ਰੂਪ ਹਾਇਕੂ ਆਪਣਾ ਸਫ਼ਰ ਤਹਿ ਕਰਦਾ ਹੋਇਆ ਪੰਜਾਬੀ ਵਿਧਾ ਵਿਚ ਪ੍ਰਵਾਨ ਚੜ੍ਹ ਰਿਹਾ ਹੈ। ਪੰਜਾਬੀ ਵਿੱਚ ਹਾਇਕੂ ਦੀਆਂ ਅਨੇਕਾਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਹਾਇਕੂ-ਕਾਵਿ ਨੂੰ ਸਮਰਪਤਿ ਰਸਾਲੇ ਵੀ ਛਪ ਰਹੇ ਹਨ।

ਜੌਨ ਬਰੋਂਡੀ ਅਤੇ ਬਰੂਸ ਰੌਸ ਨੇ ਹਾਇਕੂ ਨੂੰ ਵਿਸ਼ਵ ਦਾ ਸਭ ਤੋਂ ਸੰਖੇਪ ਕਾਵਿ ਰੂਪ ਕਿਹਾ ਹੈ। ਭਾਂਵੇ ਸਾਡੇ ਕੋਲ ਦੋ ਲਾਇਨਾਂ ਵਿੱਚ ਰਚਿਆ ਹੋਇਆ ਦੋਹਾ ਕਾਵਿ ਮਜ਼ੂਦ ਹੈ। ਫੇਰ ਵੀ ਤਿੰਨ ਲਾਇਨਾਂ ਦੇ ਹਾਇਕੂ ਵਿੱਚ **5+7+5** ਸਿਰਫ **17** ਅੱਖਰ ਹੋਣ ਕਾਰਨ ਇਸ ਨੂੰ ਵਿਸ਼ਵ ਦਾ ਸਭ ਤੋਂ ਸੰਖੇਪ ਕਾਵਿ ਰੂਪ ਮੰਨਣ ਵਿੱਚ ਕੋਈ ਡਿਜਕ ਨਹੀ ਹੋਣੀ ਚਾਹੀਦੀ। ਪ੍ਰਸਿੱਧ ਹਿੰਦੀ ਅਤੇ ਉਰਦੂ ਸ਼ਾਇਰ ਗੁਲਜ਼ਾਰ ਨੇ ਤਿੰਨ ਲਾਇਨਾਂ ਦੀ ਕਵਿਤਾ " ਤ੍ਰਿਵੈਣੀ " ਦੀ ਰਚਨਾ ਕੀਤੀ ਹੈ। ਤ੍ਰਿਵੈਣੀ ਅਤੇ ਹਾਇਕੂ ਦੇ ਛੰਦ ਵਿਧਾਨ ਵਿੱਚ ਅੰਤਰ ਹੈ।

ਕਮਲਜੀਤ ਮਾਂਗਟ ਹਾਇਕੂ ਕਾਵਿ ਨੂੰ ਪ੍ਰਤੀਬੱਧ ਸ਼ਾਇਰ ਹੈ। ਉਸ ਦਾ ਪਹਿਲਾ ਹਾਇਕੂ ਸੰਗ੍ਰਹਿ "ਸਰਘੀ ਵੇਲਾ" ਜਨਵਰੀ **2013** ਵਿੱਚ ਪ੍ਰਕਾਸ਼ਿਤ ਹੋਇਆ ਸੀ। ਉਸ ਪੁਸਤਕ ਦੀ ਪ੍ਰਕਾਸ਼ਨਾ ਨਾਲ ਕਮਲਜੀਤ ਮਾਂਗਟ ਦੀ ਪੰਜਾਬੀ ਹਾਇਕੂ-ਕਾਵਿ ਵਿੱਚ ਪਛਾਣ ਬਣ ਗਈ ਸੀ। ਅੱਜ ਉਹ ਪੰਜਾਬੀ ਹਾਇਕੂ ਦਾ ਚਰਚਿਤ ਲੇਖਕ ਹੈ।

ਮਾਲਵਾ ਕਾਲਜ ਬੋਂਦਲੀ ਪੜ੍ਹਦਿਆਂ ਹੀ ਕਮਲਜੀਤ ਨੇ ਪੋ. ਸਤਿੰਦਰ ਸੱਪੜਾ ਤੋਂ ਗੀਤ ਅਤੇ ਗ਼ਜ਼ਲ ਦੀ ਰੂਪ-ਰੇਖਾ ਸਮਝ ਕੇ ਆਪਣਾ ਸਾਹਿਤਕ ਸਫ਼ਰ ਅਰੰਭ ਕੀਤਾ। "ਸਾਡਾ ਪੰਜਾਬ " ਭੰਗੜਾ ਕਲੱਬ ਦੀ ਸਥਾਪਨਾ ਕਰਕੇ ਭੰਗੜੇ ਦੀ ਟੀਮ ਬਣਾਈ ਅਤੇ ਸੱਤ-ਅੱਠ ਸਾਲ ਲਗਾਤਾਰ ਸਭਿਆਚਾਰਕ ਮੇਲਿਆਂ ਤੇ ਭੰਗੜੇ ਦਾ

ਪ੍ਰਦਰਸ਼ਨ ਤੇ ਪ੍ਰਚਾਰ ਕਰਦਾ ਰਿਹਾ। ਕਮਲਜੀਤ ਮਾਂਗਟ ਗੀਤ, ਗ਼ਜ਼ਲਾਂ, ਕਹਾਣੀਆਂ ਅਤੇ ਇੱਕ ਨਾਵਲ ਵੀ ਲਿਖ ਰਿਹਾ ਹੈ ਜੋ ਆਉਣ ਵਾਲੇ ਸਮੇ 'ਚ ਛੇਤੀ ਹੀ ਪ੍ਰਕਾਸ਼ਿਤ ਹੋ ਜਾਣਗੇ । ਉਸ ਦੀ ਵਿਸ਼ੇਸ ਰੁਚੀ ਗ਼ਜ਼ਲ ਅਤੇ ਹਾਇਕੂ-ਕਾਵਿ ਨਾਲ ਹੈ

ਉਸ ਦਾ ਜੀਵਨ ਬਹੁਤ ਰੁਝੇਵਿਆਂ ਭਰਿਆ ਹੈ। ਉਹ ਇਲੈਕਟ੍ਰੀਕਲ ਇੰਜ਼ਨੀਅਰਿੰਗ ਦਾ ਡਿਪਲੋਮਾ ਕਰਨ ਉਪਰੰਤ, ਡੁਬਈ ਚਲਿਆ ਗਿਆ। ਜਿਥੇ ਉਹ ਕਰੇਨ ਉਪਰੇਟਰ ਦਾ ਕੰਮ ਕਰਦਾ ਹੈ। ਆਪਣੇ ਰੁਝੇਵਿਆਂ ਵਿੱਚੋਂ ਵਿਹਲ ਕੱਢ, ਨੀਂਦ ਨੂੰ ਪਿੱਛੇ ਧੱਕ ਉਹ ਸਾਹਿਤ ਰਚਨਾ ਵਿੱਚ ਲੀਨ ਹੋ ਜਾਂਦਾ ਹੈ। ਜਪਾਨੀ ਹਾਇਕੂ-ਕਾਵਿ ਉਸ ਦੀ ਪਕੜ ਵਿੱਚ ਆ ਗਿਆ ਹੈ। ਉਹ ਤੁਰਦਾ ਫਿਰਦਾ ਗੁਣਗੁਣਾਉਦਾ ਰਹਿੰਦਾ ਹੈ ਅਤੇ ਆਪਣੇ ਵਿਚਾਰਾਂ ਨੂੰ ਕਾਗਜ਼ ਤੇ ਉਲੀਕ ਲੈਂਦਾ ਹੈ। ਵਿਹਲੇ ਵੇਲੇ ਉਨ੍ਹਾਂ ਦੀ ਕਾਂਟ-ਛਾਂਟ ਕਰਦਾ ਰਹਿੰਦਾ ਹੈ।

ਕਮਲਜੀਤ ਮਾਂਗਟ ਮਿਹਨਤੀ ਸੁਭਾਅ ਦਾ ਵਿਅਕਤੀ ਹੈ। ਮਿਹਨਤ ਦੀ ਪ੍ਰਵਿਰਤੀ ਉਸ ਨੂੰ ਆਪਣੇ ਪਿਤਾ ਸ. ਹਰਚੰਦ ਸਿੰਘ ਮਾਂਗਟ ਤੋਂ ਵਿਰਸੇ ਵਿੱਚ ਮਿਲੀ ਹੈ ਜੋ ਭਾਰਤੀ ਫੌਜ ਵਿੱਚੋਂ ਹੌਲਦਾਰ ਸੇਵਾ ਮੁਕਤ ਹੋਏ। ਉਹ ਆਪਣੀ ਪਤਨੀ ਰਾਜਵੀਰ ਕੌਰ ਮਾਂਗਟ ਦਾ ਵੀ ਧੰਨਵਾਦੀ ਹੈ ਜੋ ਉਸ ਨੂੰ ਪੜ੍ਹਨ-ਲਿਖਣ ਦੀ ਪ੍ਰੇਰਨਾ ਦਿੰਦੀ ਰਹਿੰਦੀ ਹੈ।

ਪ੍ਰਕਿਰਤੀ ਚਿਤਰਨ ਅਤੇ ਰੁੱਤਾਂ ਦਾ ਵਰਣਨ ਹਾਇਕੂ ਦੀ ਵਿਸ਼ੇਸ਼ਤਾ ਹੈ। ਇਸ ਪੁਸਤਕ ਦੇ ਵਧੇਰੇ ਹਾਇਕੂ ਪ੍ਰਕਿਰਤੀ ਦਾ ਖੂਬਸੂਰਤੀ ਨਾਲ ਚਿਤਰਨ ਕਰਦੇ ਹਨ।

ਚਾਨਣੀ ਰਾਤ
ਹਿੱਲੇ ਹਵਾ ਦੇ ਨਾਲ
ਪਾਣੀ 'ਚ ਚੰਨ

ਬੰਦ ਕਮਰਾ
ਸੀਖਾਂ ਵਿੱਚੋਂ ਪੈਂਦੀਆਂ
ਕੁੱਝ ਕਿਰਨਾਂ

ਬਾਗ 'ਚ ਗੂੰਜੇ
ਕੋਇਲ ਦੀ ਮਿੱਠੀ ਕੂ
ਕੰਨਾਂ 'ਚ ਰਸ

ਪਤਝੜ 'ਚ
ਤੇਜ ਹਵਾ ਦੇ ਨਾਲ
ਝੜ੍ਹਨ ਪੱਤੇ

ਸਰਦ ਹਵਾ
ਅਸੀ ਦੋਵੇਂ ਸੈਰ ਤੇ
ਹੱਥਾਂ 'ਚ ਹੱਥ

ਇਸ ਪੁਸਤਕ ਵਿੱਚ ਉਸ ਨੇ ਰੁੱਤਾਂ ਬਾਰੇ ਵਿਸਥਾਰ ਨਾਲ ਲਿਖਿਆ ਹੈ। ਸਾਉਣ ਮਹੀਨੇ ਬਾਰੇ ਪੰਦਰਾਂ ਹਾਇਕੂ ਹਨ। ਪਰਿਵਾਰਕ ਸਾਂਝਾਂ ਦਾ ਜਿਕਰ ਕਰਦਾ ਕਮਲਜੀਤ ਲਿਖਦਾ ਹੈ

ਚੌਂਕੇ ਚੁੱਲੇ ਤੇ
ਇਕੱਠੇ ਬੈਠੇ ਸਾਰੇ
ਪੋਹ ਦੀ ਸ਼ਾਮ

ਮਾਘੀ ਦਾ ਮੇਲਾ
ਚਾਵਾਂ ਦੇ ਨਾਲ ਤੁਰੇ
ਦਾਦੇ ਦਾ ਪੋਤਾ

ਸ਼ਾਮ ਦਾ ਵੇਲਾ
ਵੇਹੜੇ ਬੈਠੀ ਦਾਦੀ
ਫੇਰਦੀ ਮਾਲ਼ਾ

ਉਸ ਨੇ ਅਧਿਆਤਮ ਅਤੇ ਰਹੱਸ ਬਾਰੇ, ਪਿਆਰ ਅਤੇ ਸਮਾਜਿਕ ਜੀਵਨ ਦੇ ਨਿੱਕੇ-ਨਿੱਕੇ ਛਿਣਾਂ ਨੂੰ ਪਕੜ ਕੇ ਬਹੁਤ ਹੀ ਸੁਚੱਜੇ ਢੰਗ ਨਾਲ ਹਾਇਕੂ ਰਚੇ ਹਨ। ਅੱਜ ਵਿਸ਼ਵ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਹਾਇਕੂ-ਕਾਵਿ ਦੀ ਰਚਨਾ ਹੋ ਰਹੀ ਹੈ। ਹਾਇਕੂ ਕਾਨਫਰੰਸਾਂ ਹੋ ਰਹੀਆਂ ਹਨ। ਹਾਇਕੂ ਕਾਵਿ ਕਲਾ ਬਾਰੇ ਅਲੋਚਨਾਂ ਦੀਆਂ ਪੁਸਤਕਾਂ ਛਪ ਰਹੀਆਂ ਹਨ। ਸਮੁੱਚੇ ਵਿਸ਼ਵ ਵਿੱਚ ਹਾਇਕੂ-ਕਾਵਿ ਪ੍ਰਵਾਨਿਤ ਹੋ ਰਿਹਾ ਹੈ। ਪੰਜਾਬੀ ਦੇ ਕਈ ਕਵੀ ਹਾਇਕੂ ਦੇ ਪ੍ਰਵਾਨਿਤ ਛੰਦ-ਵਿਧਾਨ ਨੂੰ ਉਲੰਘ ਕੇ ਹਾਇਕੂ ਰਚਨਾ ਕਰ ਰਹੇ ਹਨ। ਮੁਢਲਾ ਹਾਇਕੂ-ਕਾਵਿ **5+7+5** ਅਨੁਸਾਰ ਲਿਖਿਆ ਮਿਲਦਾ ਹੈ। ਬਰੂਸ ਰੌਸ ਆਦਿ ਲੇਖਕਾਂ ਨੇ ਇਸ ਛੰਦ-ਵਿਧਾਨ ਨੂੰ ਹਾਇਕੂ ਦਾ ਸਹੀ ਤੁਕਾਂਤ ਮੰਨਿਆ ਹੈ। ਇਸ ਪੁਸਤਕ ਦੇ ਜਿਆਦਾਤਰ ਹਾਇਕੂ ਇਸ ਛੰਦ-ਵਿਧਾਨ ਅਨੁਸਾਰ ਰਚੇ ਹੋਏ ਹਨ।ਕਿਤੇ-ਕਿਤੇ ਕਵੀ ਨੇ ਖੁੱਲ੍ਹ ਲਈ ਹੈ। ਆਪਣੇ ਇੱਕ ਹਾਇਕੂ ਵਿੱਚ ਲਿਖਦਾ ਹੈ

ਹਾਇਕੂਕਾਰ
ਰਹਿ ਗਿਆ ਸਪਨਾ
5 ਸੱਤ 5 ਦਾ

ਕਮਲਜੀਤ ਮਾਂਗਟ, ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਹੋਣਹਾਰ

ਨੌਜਵਾਨ ਸ਼ਾਇਰਾਂ ਵਿੱਚੋਂ ਹੈ। ਸਭਾ ਨੂੰ ਮਾਣ ਹੈ ਕਿ ਦੂਜੀ ਵਾਰ ਉਨ੍ਹਾਂ ਦੇ ਕਿਸੇ ਮੈਂਬਰ ਦੀ ਹਾਇਕੂ ਪੁਸਤਕ ਪ੍ਰਕਾਸ਼ਿਤ ਹੋਈ ਹੈ। ਇਹ ਮਾਣ ਕਮਲਜੀਤ ਮਾਂਗਟ ਦੇ ਹਿੱਸੇ ਆਇਆ ਹੈ

ਉਸ ਨੇ 'ਸਰਘੀ ਵੇਲਾ' ਤੋਂ ਤੁਰ ਕੇ 'ਇੱਕ ਜੁਗਨੂੰ' ਤੱਕ ਦਾ ਸਫ਼ਰ ਤਹਿ ਕੀਤਾ ਹੈ। ਸਾਨੂੰ ਉਸ ਤੋਂ ਬਹੁਤ ਆਸਾਂ ਹਨ।

ਸੁਰਿੰਦਰ ਰਾਮਪੁਰੀ
ਪਿੰਡ ਤੇ ਡਾਕਘਰ ਰਾਮਪੁਰ
ਜ਼ਿਲ੍ਹਾ ਲੁਧਿਆਣਾ

20-10-2014

ਆਪਣੀ ਗੱਲ

ਇਸ ਵਿੱਚ ਕੋਈ ਸ਼ੱਕ ਨਹੀ ਕਿ ਜਪਾਨ ਦੀ ਹਾਇਕੂ ਸ਼ਾਇਰੀ ਅੱਜ ਪੰਜਾਬੀ ਸ਼ਾਇਰਾਂ ਦੇ ਵੇਹੜੇ 'ਚ ਖੁੱਲਕੇ ਦਸਤਕ ਦੇ ਚੁੱਕੀ ਹੈ। ਬਹੁਤ ਸਾਰੇ ਪੰਜਾਬੀ ਸ਼ਾਇਰਾਂ ਨੇ ਇਸ ਜਪਾਨੀ ਹਾਇਕੂ ਦੀ ਸ਼ਾਇਰੀ ਨੂੰ ਦਿਲੋਂ ਅਪਣਾਇਆ ਹੈ। ਅਨੇਕਾਂ ਪੰਜਾਬੀ ਹਾਇਕੂਕਾਰਾਂ ਨੇ ਪੰਜਾਬੀ ਹਾਇਕੂ ਦੀਆਂ ਕਿਤਾਬਾਂ ਵੀ ਛਪਵਾਈਆਂ ਸਨ ਤੇ ਹੋਰ ਵੀ ਛਪਵਾ ਰਹੇ ਸਨ। ਜਿਸ ਤਰ੍ਹਾਂ ਹਾਇਕੂ ਦੀ ਪਕੜ ਵੱਧਦੀ ਜਾ ਰਹੀ ਹੈ। ਉਮੀਦ ਹੈ ਕਿ ਆਉਣ ਵਾਲੇ ਸਮੇਂ 'ਚ ਹੋਰ ਵੀ ਲੇਖਕ ਇਸ ਨੂੰ ਅਪਨਾਉਣਗੇ।

ਗੱਲ ਕਰਨ ਜਾ ਰਿਹਾ ਮੈਂ, ਆਪਣੀ ਦੂਜੀ ਪੰਜਾਬੀ ਹਾਇਕੂ ਦੀ ਕਿਤਾਬ 'ਇੱਕ ਜੁਗਨੂੰ' ਦੀ, ਪਹਿਲੀ ਕਿਤਾਬ 'ਸਰਘੀ ਵੇਲਾ' ਨਾਲ ਮੈ ਸ਼ੁਰੂਆਤ ਕੀਤੀ ਸੀ ਜਿਸ ਨਾਲ ਹਾਇਕੂ ਦੋਸਤਾਂ ਦਾ ਕਾਫੀ ਹੌਸਲਾ ਮਿਲਿਆ ਉਮੀਦ ਹੈ ਕਿ ਮੇਰੀ ਇਸ ਕਿਤਾਬ ਨੂੰ ਵੀ ਪਹਿਲਾਂ ਨਾਲੋਂ ਵੱਧ ਪਿਆਰ ਮਿਲੇਗਾ। ਇਸ ਕਿਤਾਬ 'ਚ ਮੈ ਹਾਇਕੂ ਦਾ ਅਸਲੀ ਰੂਪ **5+7+5** ਨੂੰ ਅਪਨਾਉਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਨੂੰ ਸਾਡੇ ਹਾਇਕੂਕਾਰ ਪ੍ਰਵਾਨ ਨਹੀ ਕਰਦੇ। ਪਰ ਦੋਸਤੋ ਜਦੋ ਤੱਕ ਅਸੀ ਹਾਇਕੂ ਦੇ ਅਸਲੀ ਰੂਪ ਨੂੰ ਨਹੀ ਅਪਨਾਵਾਂਗੇ ਤਾਂ ਸਾਡੀ ਹਾਇਕੂ ਦੀ ਸ਼ਾਇਰੀ ਅਧੂਰੀ ਹੀ ਲੱਗੇਗੀ। **5+7+5** ਦਾ ਰੂਲ ਉਦੋ ਹੀ ਲਾਗੂ ਕਰ ਦੇਣਾ ਚਾਹੀਦਾ ਸੀ। ਜਦੋਂ ਸਾਡੇ ਲੇਖਕਾਂ [ਹਾਇਕੂਕਾਰਾਂ] ਨੇ ਇਸ ਜਪਾਨੀ ਹਾਇਕੂ ਸ਼ਾਇਰੀ ਨੂੰ ਅਪਣਾਇਆ ਸੀ। ਅਜੇ ਵੀ ਵੇਲਾ ਦੂਰ ਨਹੀ ਗਿਆ ਸਾਨੂੰ **5+7+5** 'ਚ ਹਾਇਕੂ ਲਿਖਣੇ ਚਾਹੀਦੇ ਸਨ। ਜਿਸ ਨਾਲ ਹਾਇਕੂ ਦੀ ਅਲੱਗ ਪਹਿਚਾਣ ਦਿਸਦੀ ਹੈ।

ਗੱਲ ਰੂਲ ਦੀ ਕਰੀਏ, ਜੇ ਵੇਖਿਆ ਜਾਵੇ ਤਾਂ ਗ਼ਜ਼ਲ ਕਈ ਭਸ਼ਾਵਾਂ ਵਿੱਚ ਲਿਖੀ ਜਾਂਦੀ ਹੈ। ਜੇ ਗ਼ਜ਼ਲ ਨੂੰ ਵਜ਼ਨ ਬਹਿਰ 'ਚ ਨਾ ਲਿਖਿਆ ਜਾਵੇ ਤਾਂ ਉਸ ਨੂੰ ਪ੍ਰਵਾਨ ਨਹੀ ਕੀਤਾ ਜਾਂਦਾ। ਕਿਉਂਕਿ ਗ਼ਜ਼ਲ ਵਿੱਚ ਗਿਣਤੀ-ਮਿਣਤੀ ਦੇ ਅੱਖਰਾਂ [ਸ਼ਬਦਾਂ'] 'ਚ ਗੱਲ ਆਖੀ ਜਾਂਦੀ ਹੈ। ਇਹ ਕੋਈ ਔਖੀ ਗੱਲ ਵੀ ਨਹੀ, ਜੇ ਵੇਖਿਆ

ਜਾਵੇ ਤਾਂ ਹੈ ਵੀ ਬਹੁਤ ਵੱਡੀ[ਔਖੀ] ਗੱਲ ਹੈ। ਗ਼ਜ਼ਲ 20 ਬਹਿਰਾਂ ਵਿੱਚ ਲਿਖੀ ਜਾਂਦੀ ਹੈ ਤੇ ਉਸ ਦੀਆਂ 150 ਬਹਿਰਾਂ ਤੱਕ ਬਣ ਜਾਂਦੀਆਂ ਸਨ ਤੇ ਹਾਇਕੂ ਦੀ ਤਾਂ ਗੱਲ ਹੀ 5+7+5 ਦੀ ਹੈ। ਕੀ ਅਸੀਂ 5+7+5 ਵਿੱਚ ਹਾਇਕੂ ਲਿਖ ਨਹੀ ਸਕਦੇ। ਜੇ ਨਹੀ ਲਿਖ ਸਕਦੇ ਤਾਂ ਇਹ ਵੀ ਮੰਨਣਾ ਪਵੇਗਾ ਕਿ ਅਸੀ ਗਿਣਤੀ–ਮਿਣਤੀ ਦੀ ਸ਼ਾਇਰੀ ਤੋਂ ਭੱਜਦੇ ਹਾਂ। ਗੱਲ ਕੁੱਝ ਵੀ ਨਹੀਂ, ਸ਼ਬਦ ਸਾਡੇ ਕੋਲ ਕਿੰਨੇ ਹੀ ਹਨ, ਬਸ ਉਨ੍ਹਾਂ ਨੂੰ, ਜਿਸ ਦ੍ਰਿਸ਼ ਨੂੰ ਅਸੀ ਹਾਇਕੂ ਰੂਪ ਦੇਣਾ ਹੈ [ਲਿਖਣਾ ਹੈ, ਦਰਸਾਉਣਾ ਹੈ। ਉਸ ਨੂੰ 5+7+5 ਵਿੱਚ ਲਿਖਣਾ ਹੈ। ਜੇ ਸ਼ੁਰੂ ਵਿੱਚ ਹੀ ਇਸ ਰੂਲ ਨੂੰ ਮੰਨ ਲਿਆ ਜਾਂਦਾ ਤਾਂ ਅੱਜ ਪੰਜਾਬੀ ਹਾਇਕੂ ਦੀ ਪਹਿਚਾਣ ਵੱਖਰੀ ਹੋਣੀ ਸੀ।

ਇੱਕ ਗੱਲ ਹੋਰ ਹਿੰਦੀ 'ਚ ਹਾਇਕੂ ਨੂੰ 5+7+5 ਵਿੱਚ ਹੀ ਲਿਖਿਆ ਜਾਂਦਾ ਹੈ। ਜੇ ਹਿੰਦੀ ਹਾਇਕੂਕਾਰਾਂ ਦੇ ਕੋਲ ਉਨ੍ਹਾਂ ਦੀ ਭਾਸ਼ਾ 'ਚ ਸ਼ਬਦ ਸਨ। ਕੀ ਸਾਡੇ ਪੰਜਾਬੀ ਹਾਇਕੂਕਾਰਾਂ ਦੇ ਕੋਲ ਸਾਡੀ ਪੰਜਾਬੀ ਭਾਸ਼ਾ ਦੇ ਵਿੱਚ ਲਿਖਣ ਲਈ ਸ਼ਬਦ ਨਹੀ ਸਨ। ਸਾਡੇ ਕਈ ਹਾਇਕੂਕਾਰ 5+7+5 ਵਿੱਚ ਹਾਇਕੂ ਲਿਖ ਵੀ ਰਹੇ ਸਨ ਬਹੁਤ ਵਧੀਆ ਗੱਲ ਹੈ। ਪਰ ਉਨਾਂ ਦੇ ਲਿਖੇ ਹਾਇਕੂ ਪ੍ਰਵਾਨ ਨਹੀ ਕੀਤੇ ਗਏ । ਇਹ ਦੋਸ਼ ਸਾਡੇ ਪੰਜਾਬੀ ਹਾਇਕੂਕਾਰਾਂ ਤੇ ਜਾਂਦਾ ਹੈ। ਕਿਉਕਿ ਉਨ੍ਹਾਂ ਨੇ ਹਾਇਕੂ ਦੀ ਪਹਿਚਾਣ ਨੂੰ ਬਰਕਰਾਰ ਰੱਖਿਆ ਹੈ। ਸਾਨੂੰ ਵੀ ਹਾਇਕੂ ਦੀ ਪਹਿਚਾਣ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ, ਭੱਜਣਾ ਨਹੀਂ ਚਾਹੀਦਾ ਹੈ।

'ਇੱਕ ਜੁਗਨੂੰ' ਕਿਤਾਬ ਦੇ ਹਾਇਕੂ, ਮੈ ਪਹਿਲੀ ਕਿਤਾਬ ਵਾਂਗ ਉਨ੍ਹਾਂ ਦ੍ਰਿਸ਼ਾਂ ਨੂੰ ਹਾਇਕੂ ਦਾ ਰੂਪ ਦਿੱਤਾ ਹੈ। ਜਿੰਨ੍ਹਾਂ ਨੂੰ ਮੈ ਅੱਖੀ ਦੇਖਿਆ ਤੇ ਮਹਿਸੂਸ ਕੀਤਾ । ਜੇ ਕਿਸੇ ਸਫ਼ਰ ਤੇ ਗਿਆ ਤਾਂ ਉਸ ਸਫ਼ਰ ਵਿੱਚ ਕੁੱਝ ਗੱਲਾਂ ਨੂੰ ਮੈ ਆਪਣੀ ਡਾਇਰੀ ਵਿੱਚ ਨੋਟ ਕਰ ਲੈਂਦਾ ਸੀ ਤੇ ਫੁਰਸਤ ਦੇ ਪਲਾਂ 'ਚ ਉਨ੍ਹਾਂ ਨੂੰ ਹਾਇਕੂ ਦਾ ਰੂਪ ਦੇ ਦਿੰਦਾ ਸੀ। ਅਕਸਰ ਜ਼ਿੰਦਗੀ ਵਿੱਚ ਕਈ ਗੱਲਾਂ ਦਾ ਆਉਣਾ ਜਾਂ ਕਹਿ ਲਉ ਸਾਡੀ ਜ਼ਿੰਦਗੀ ਦਾ ਜੋ ਹਿੱਸਾ ਹੁੰਦੀਆਂ ਨੇ ਉਨ੍ਹਾਂ ਗੱਲਾਂ ਨੂੰ ਮੈ ਹਾਇਕੂ ਦਾ ਰੂਪ ਦਿੱਤਾ। ਜਿਵੇ

ਕੁੱਝ ਦਿਨ ਪਹਿਲਾ ਮੈ ਕਿਸੇ ਸਫ਼ਰ ਤੇ ਗਿਆ ਤਾਂ ਕਈ ਗੱਲਾਂ ਨੂੰ ਮੈ ਹਾਇਕੂ ਦਾ ਰੂਪ ਦੇ ਦਿੱਤਾ ਜਿਵੇਂ :

ਰਾਹ ਜਾਂਦਿਆ
ਹਥੇਲੀ ਤੇ ਆ ਬੈਠਾ
ਇੱਕ ਜੁਗਨੂੰ

ਲੰਮਾ ਸਫ਼ਰ
ਬੈਠ ਗਿਆ ਥੱਕ ਕੇ
ਨਾਲੇ ਪ੍ਰਛਾਂਵਾਂ

ਵੱਡੀ ਸਰਾਂਅ
ਸੁੱਤੀ ਕਿੰਨੀ ਸੰਗਤ
ਆਪਣੀ ਨੀਂਦ

ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਗੱਲਾਂ ਸਨ ਜੋ ਮੈ ਹਾਇਕੂ ਰਾਹੀ ਕਹਿਣ ਦੀ ਕੋਸ਼ਿਸ ਕੀਤੀ ਹੈ। ਹਾਇਕੂ ਦੇ ਬਾਰੇ ਮੈਨੂੰ ਕੁੱਝ ਨਹੀ ਸੀ ਪਤਾ। ਜਨਮੇਜਾ ਸਿੰਘ ਜੌਹਲ ਤੇ ਅਮਰਜੀਤ ਸਾਥੀ ਜੀ ਦਾ ਬਹੁਤ ਧਨਵਾਦੀ ਹਾਂ ਜਿੰਨ੍ਹਾਂ ਨੇ ਮੈਨੂੰ ਹਾਇਕੂ ਦੀ ਸ਼ਾਇਰੀ ਲਈ ਪ੍ਰੇਰਤ ਕੀਤਾ ਇਸ ਕਿਤਾਬ ਦੇ ਪੂਰੇ ਹੁੰਦਿਆ, ਮੈ ਆਪਣੀਆਂ ਅਗਲੀਆਂ ਕਿਤਾਬਾਂ ਦੀ ਤਿਆਰੀ ਵਿੱਚ ਜੁਟ ਗਿਆ। ਜਿੰਨ੍ਹਾਂ ਵਿੱਚ ਗ਼ਜ਼ਲ ਦੀ ਕਿਤਾਬ ਤੇ ਇੱਕ ਨਾਵਲ ਦੀ ਕਿਤਾਬ ਹੈ। ਮੈ ਕਾਲਜ ਪੜਦਿਆਂ ਕੁੱਝ ਕਹਾਣੀਆਂ ਲਿਖੀਆਂ ਸੀ ਸੋ ਉਨ੍ਹਾਂ ਵਿੱਚੋਂ ਇੱਕ ਕਹਾਣੀ ਨੂੰ ਮੈ ਨਾਵਲ ਦੇ ਰੂਪ ਵਿੱਚ ਲਿਖ ਰਿਹਾ ਹਾਂ। ਪਤਾ ਨਹੀ ਕਿੰਨਾਂ ਕੁ ਸਮਾਂ ਲੱਗੇਗਾ ਉਸ ਨਾਵਲ ਨੂੰ ਪੂਰਾ ਕਰਨ ਲਈ, ਗ਼ਜ਼ਲ ਤੇ ਵੀ ਮੈ ਆਪਣਾ ਅਭਿਆਸ ਜਾਰੀ ਰੱਖਿਆ ਹੋਇਆ ਹੈ।

ਮੈ ਉਨ੍ਹਾਂ ਸਾਰੇ ਦੋਸਤਾਂ ਮਿੱਤਰਾਂ ਦਾ ਬਹੁਤ ਧੰਨਵਾਦੀ ਹਾਂ ਜਿੰਨ੍ਹਾਂ ਦੇ ਕੋਲ ਬੈਠ ਕੇ ਮੈਂ ਆਪਣੀਆਂ ਰਚਨਾਂਵਾਂ ਲਿਖਦਾ ਤੇ ਉਨ੍ਹਾਂ ਨੂੰ ਸੁਣਾਉਦਾ ਰਹਿੰਦਾ ਤੇ ਉਨ੍ਹਾਂ ਦੀ ਸਲਾਹ ਵੀ ਲੈਂਦਾ ਰਹਿੰਦਾ ਸੀ। ਗ਼ਜ਼ਲ ਦੇ ਬਾਰੇ ਮੈਨੂੰ ਜਾਣਕਾਰੀ ਦੇਣ ਵਾਲੇ ਉਨ੍ਹਾਂ ਉਸਤਾਦਾਂ ਦਾ ਬਹੁਤ ਧੰਨਵਾਦੀ ਹਾਂ [ਕ੍ਰਿਸ਼ਨ ਭਨੋਟ ਤੇ ਅਮਰੀਕ ਗ਼ਾਫ਼ਿਲ] ਜਿੰਨ੍ਹਾਂ ਤੋਂ ਮੈ ਗ਼ਜ਼ਲ ਦੀ ਬਹਿਰ ਤੇ ਵਜ਼ਨ ਦੇ ਬਾਰੇ ਜਾਣਕਾਰੀ ਲੈਂਦਾ ਰਹਿੰਦਾ ਹਾਂ

ਮੈਨੂੰ ਉਮੀਦ ਹੈ ਮੇਰੀ ਪਹਿਲੀ ਕਿਤਾਬ ਵਾਂਗ ਇਸ ਕਿਤਾਬ 'ਇੱਕ ਜੁਗਨੂੰ' ਨੂੰ ਵੀ ਪਹਿਲਾ ਜਿੰਨਾਂ ਹੀ ਪਿਆਰ ਮਿਲੇਗਾ। ਤੁਹਾਡੇ ਸੁਝਾਵਾਂ ਦਾ ਇੰਤਜ਼ਾਰ ਕਰਾਂਗਾ

ਪੈਰ ਪੁੱਟਿਆ
ਨਾਲ ਹੀ ਤੁਰ ਪਿਆ
ਮੇਰਾ ਪ੍ਰਛਾਂਵਾਂ

ਵਾਢੀ ਦੇ ਦਿਨ
ਲੁਹਾਰ ਬੈਠਾ ਲਾਵੇ
ਦਾਤੀ ਨੂੰ ਦੰਦੇ

ਧੰਨਵਾਦ

ਕਮਲਜੀਤ ਮਾਂਗਟ
ਪਿੰਡ ਤੇ ਡਾ ਕੁੱਬਾ, ਤਹਿਸੀਲ ਸਮਰਾਲਾ
ਜਿਲ੍ਹਾ ਲੁਧਿਆਣਾ, ਪੰਜਾਬ, ਇੰਡੀਆ

ਸਹਿਯੋਗ : ਪਤਨੀ : ਰਾਜਵੀਰ ਕੌਰ ਮਾਂਗਟ,
ਧੀਆਂ : ਹਰਸ਼ਵੀਰ ਕੌਰ, ਜਸਕੀਰਤ ਕੌਰ, ਪੁੱਤਰ : ਸਿਮਰਨਜੀਤ ਸਿੰਘ



ਰਾਹ ਜਾਂਦਿਆ
ਹਥੇਲੀ ਤੇ ਆ ਬੈਠਾ
ਇੱਕ ਜੁਗਨੂੰ



ਚਾਨਣੀ ਰਾਤ
ਹਿੱਲੇ ਹਵਾ ਦੇ ਨਾਲ
ਪਾਣੀ 'ਚ ਚੰਨ



ਚੌਕੇ ਚੁੱਲੇ ਤੇ
ਇਕੱਠੇ ਬੈਠੇ ਸਾਰੇ
ਸੇਕਣ ਅੱਗ



ਮਾਘੀ ਦਾ ਮੇਲਾ
ਚਾਵਾਂ ਦੇ ਨਾਲ ਤੁਰੇ
ਦਾਦੇ ਦਾ ਪੋਤਾ



ਬੰਦ ਕਮਰਾ
ਸੀਖਾਂ ਚੋਂ ਪੈਦੀਆਂ
ਕੁੱਝ ਕਿਰਨਾਂ



ਅੱਧੀ ਕੁ ਰਾਤ
ਮੈ ਤੇ ਉਹ ਦਾ ਖਤ
ਜਾਗਦੇ ਦੋਵੇ



ਬਰਖਾਂ ਰੁੱਤ
ਕੱਚੇ ਰਾਹ ਜਾਂਦਿਆ
ਪੈਰਾਂ ਦੇ ਛਿੱਟੇ



ਬਾਗ 'ਚ ਗੂੰਜ਼ੇ
ਕੋਇਲ ਦੀ ਮਿੱਠੀ ਕੂ
ਕੰਨਾਂ 'ਚ ਰਸ



ਲੰਮਾ ਸਫ਼ਰ
ਬੈਠ ਗਿਆ ਥੱਕ ਕੇ
ਨਾਲੇ ਪ੍ਰਛਾਂਵਾਂ



ਪੱਕੀ ਕਣਕ
ਸੁਨਹਿਰੀ ਖੇਤਾਂ ’ਚ
ਚਮਕੇ ਸੋਨਾ



ਗੜ੍ਹੇ ਹੀ ਗੜ੍ਹੇ
ਕਿੰਨੇ ਡਿਗਣ ਬੇਰ
ਕਣੀਆਂ ਨਾਲ



ਇਕੱਠੇ ਪਏ
ਉਦੇ ਸਾਹਾਂ ਦੀ ਅਵਾਜ਼
ਮੇਰੇ ਕੰਨਾਂ ’ਚ



ਪੁੰਨਿਆ ਰਾਤ
ਚਮਕ ਦੇ ਸਿਤਾਰੇ
ਉਦੀ ਚੁਨੀ ਤੇ



ਸਰਦ ਹਵਾ
ਅਸੀ ਦੋਵੇ ਸੈਰ ਤੇ
ਹੱਥਾਂ ’ਚ ਹੱਥ



ਗਰਮੀ ਨਾਲ
ਲਿਸ਼ਕੇ ਧੁੱਪ ਵਿੱਚ
ਅੱਖੀ ਸੁਰਮਾਂ



ਰੇਗਸਥਾਨ
ਹਵਾ ਨਾਲ ਮਿਟਣ
ਮੇਰੀਆਂ ਪੈੜਾਂ



ਤੁਰਿਆ ਜਾਂਵਾਂ
ਇੱਕ ਹੋਰ ਪ੍ਰਛਾਂਵਾਂ
ਲੰਘਿਆ ਕੋਲੋ



ਪਹਾੜੀ ਰਾਹ
ਇਕੱਠੇ ਜਾਣ ਜੋਗੀ
ਮੂੰਹ ਤੋਂ ਜਾਪ



ਖੜਾ ਪਾਣੀ 'ਚ
ਵਿੱਚ ਪਾਣੀ ਦੇ ਦਿਸੇ
ਖੜਾ ਪ੍ਰਛਾਂਵਾਂ



ਵੱਡੀ ਸਰਾਂਅ
ਸੁੱਤੀ ਕਿੰਨੀ ਸੰਗਤ
ਆਪਣੀ ਨੀਂਦ



ਉੱਚੀ ਪਹਾੜੀ
ਧੁੱਪ 'ਚ ਚਮਕਣ
ਕਿੰਨੇ ਬਗਲ਼ੇ[ਬਗਲ਼ੇ--ਮਕਾਨ,ਘਰ]



ਤੇਜ ਲਹਿਰਾਂ
ਕੋਲ ਆ ਕੇ ਖਤਮ
ਸਾਰੀ ਹੀ ਝੱਗ



ਆਖਰੀ ਰੋਜ਼ਾ
ਗਲ ਪਈਆਂ ਬ੍ਰਾਵਾਂ
ਈਦ ਦਾ ਚੰਨ



ਨੂਹ ਨੂੰ ਗਾਲ਼ਾ
ਘਰ ਬਿਠਾ ਕੰਜ਼ਕਾਂ
ਖੁਆਈ ਰੋਟੀ



ਮੱਸਿਆ ਰਾਤ
ਪੀਰ ਦਰਗਾਹ ਤੇ
ਜਗਦਾ ਦੀਵਾਂ



ਮਾਘੀ ਦਾ ਮੇਲਾ
ਭੀੜ 'ਚ ਗਵਾਚਿਆ
ਮੇਰਾ ਪ੍ਰਛਾਂਵਾਂ



ਮੀਂਹ ਤੋਂ ਪਿੱਛੋਂ
ਪੱਤਿਆਂ ਤੋਂ ਡਿਗਣ
ਕਿੰਨੀਆਂ ਬੂੰਦਾਂ



ਸਵੇਰ ਵੇਲਾ
ਕੋਠੇ ਦੇ ਉੱਤੇ ਮੋਰ
ਪਾ ਰਹੀ ਚੋਗਾ



ਧੁੱਪ ਪੈਣ ਤੇ
ਚੇਹਰੇ ਤੇ ਨੂਹਾਰ
ਵਾਂਗ ਫੁੱਲਾਂ ਦੇ



ਬਾਰਾਂ ਟਾਹਣੀ
ਚੱਲੀ ਨਾਲ ਦੇ ਸਾਥੀ
ਆਪਣੀ ਚਾਲ



ਮੁੱਖ ਸੁਰਖੀ
ਦਾਜ ਦੀ ਬਲੀ ਚੜੀ
ਇੱਕ ਹੋਰ ਧੀ



ਸੂਰਜ ਚੜਦਿਆ
ਕਿੰਨੇ ਖਿੜਨ ਫੁੱਲ
ਨਾਲੇ ਪ੍ਰਛਾਂਵੇ



ਪਤਝੜ 'ਚ
ਤੇਜ ਹਵਾ ਦੇ ਨਾਲ
ਝੜਨ ਪੱਤੇ



ਸੁਪਨੇ ਵਾਂਗੂ
ਖੁੱਲੀਆਂ ਅੱਖਾਂ ਵਿੱਚ
ਉਸ ਦੀ ਦੀਦ



ਪਹੁ-ਫੁਟਾਲਾ
ਹਟਿਆ ਖੇਤ ਵ੍ਹਾ ਕੇ
ਵੱਡੇ ਬਾਜ਼ਰਾ



ਪਿਤਾ ਦਿਵਸ
ਬਾਪੂ ਪਿਆ ਮੰਜੇ ਤੇ
ਮੰਗਦਾ ਪਾਣੀ



ਕੱਤੇ ਚਰਖਾ
ਆਈ ਯਾਦ ਮਾਹੀ ਦੀ
ਟੁੱਟਿਆ ਤੰਦ



ਜੇਠ ਮਹੀਨਾ
ਬੈਠਾ ਕਿਸਤੀ 'ਚ
ਡਬੋਈ ਪੈਰ



ਨਿਘੀ ਰਜ਼ਾਈ
ਉਦਾ ਖਤ ਪੜਦਿਆ
ਆ ਗਈ ਨੀਂਦ



ਵਗੇ ਠੰਡੀ 'ਵਾ
ਚਿੜੀਆਂ ਦੀ ਕਲੋਲ
ਲੱਗੇ ਪਿਆਰੇ



ਬਸੰਤ ਰੁੱਤ
ਮਾਹੀ ਦੀ ਯਾਦ 'ਚ
ਕੱਡੇ ਫੁੱਲਕਾਰੀ



ਚਾਨਣੀ ਰਾਤ
ਅਡੋਲ ਖੜਾ ਬੁੱਤ
ਚੱਲੇ ਪ੍ਰਛਾਂਵਾਂ



ਅੱਧੀ-ਕੁ-ਰਾਤ
ਅਜੇ ਵੀ ਧੁੱਖ ਰਹੀ
ਸਿਵੇ ਦੀ ਅੱਗ



ਪਕਾਵੇ ਰੋਟੀ
ਚੁੱਲੇ 'ਚ ਮਾਰੇ ਫੂਕਾਂ
ਅੱਖਾਂ 'ਚ ਪਾਣੀ



ਪੂਰਨਮਾਸ਼ੀ
ਵੇਹੜੇ 'ਚ ਚਮਕੇ
ਉਦਾ ਮੁੱਖੜਾ



ਪਹਿਲਾ ਪਹਿਰ
ਗੁਰਦੁਆਰੇ ਵੱਜੇ ਨਗਾਰਾ
ਬਲਦਾਂ ਦੇ ਗਲ ਟੱਲੀਆਂ



ਪਹਿਲਾ ਪਹਿਰ
ਕੱਚੀ ਛੱਤ ਵਿੱਚੋਂ
ਬੋਲਣ ਚਿੜੀਆਂ



ਪਹਿਲਾ ਪਹਿਰ
ਨੰਣਦ-ਭਰਜਾਈ
ਜੁਟੀਆਂ ਕੰਮੀ



ਪਹਿਲਾ ਪਹਿਰ
ਝੜੋਲੀ ਧਰਿਆ ਸਾਗ
ਗੁੰਨੇ ਮੱਕੀ ਦਾ ਆਟਾ



ਪਹਿਲਾ ਪਹਿਰ
ਗੁਰੂ ਘਰ ਬੋਲੇ ਭਾਈ
ਚਾਟੀ 'ਚ ਮਧਾਣੀ



ਪਹਿਲਾ ਪਹਿਰ
ਦਾਦਾ-ਦਾਦੀ ਨਹਾਕੇ
ਕਰਨ ਲੱਗੇ ਪਾਠ



ਪਹਿਲਾ ਪਹਿਰ
ਖਿਲਰੀ ਚੰਨ ਦੀ ਚਾਨਣੀ
ਸਾਰੇ ਵੇਹੜੇ 'ਚ



ਪਹਿਲਾ ਪਹਿਰ
ਮੋਢੇ ਤੇ ਰੱਖ ਹੱਲ਼
ਚੱਲਿਆ ਖੇਤ ਨੂੰ



ਪਹਿਲਾ ਪਹਿਰ
ਮੱਝਾਂ ਨੂੰ ਪਾਵੇ ਪੱਠੇ
ਸੁਆਣੀ ਧਾਰ



ਪਹਿਲਾ ਪਹਿਰ
ਚੱਲਿਆ ਜੰਗਲ ਪਾਣੀ
ਕਰੇ ਦਾਤਣ



ਸੁੰਨਾ ਰਸਤਾ
ਛਾਈ ਕਿੰਨੀ ਹੀ ਧੁੰਦ
ਜਾਂਵਾਂ ਤੁਰਿਆ



ਸੂਰਜ ਅਸਤ
ਜੱਜ ਦਾ ਆਖਰੀ ਫੈਸਲਾ
ਟੁੱਟੀ ਕਲਮ



ਵਾਢੀ ਦੇ ਦਿਨ
ਨਿੱਕੀ ਜਿਹੀ ਲੜਕੀ
ਚੁੱਗਦੀ ਬੱਲ਼ਾਂ



ਚਲਦੇ ਸ਼ਰਾਧ
ਇੱਕ ਤੋਂ ਦੂਜੇ ਘਰ
ਪੰਡਿਤ ਨੂੰ ਨਿਉਤਾ



ਧੀ ਦੀ ਵਿਦਾਈ
ਬਾਬਲ ਭਰੇ ਮਨ
ਅੰਮੜੀ ਅੱਖਾਂ



ਛਿਪਦਾ ਸੂਰਜ
ਨਹਿਰ 'ਚ ਖਿਲਰਿਆ
ਸੰਧੂਰੀ ਰੰਗ



ਪੂਰਨਮਾਸ਼ੀ
ਇੱਕ-ਮਿੱਕ ਪ੍ਰਛਾਂਵੇ
ਰੂਹਾਂ ਦਾ ਮੇਲ



ਨਦੀ ਕਿਨਾਰੇ
ਚਾਰਦਾ ਬੱਕਰੀਆਂ
ਖਾਵੇ ਬੇਰ



ਨਾੜ ਨੂੰ ਅੱਗ
ਸੜ੍ਹ ਗਿਆ ਵਿੱਚ ਹੀ
ਕੀੜੀਆਂ ਦਾ ਭੌਣ



ਨਾੜ ਨੂੰ ਅੱਗ
ਭੁੱਜ ਗਏ ਵਿੱਚ ਹੀ
ਕਣਕ ਦੇ ਦਾਣੇ



ਨਾੜ ਨੂੰ ਅੱਗ
ਵਿੱਚ ਹੀ ਮੱਚ ਗਏ
ਟਟਹੀਰੀ ਦੇ ਬੱਚੇ



ਨਾੜ ਨੂੰ ਅੱਗ
ਵਿੱਚੋ ਝੁੱਲਸ ਗਈਆਂ
ਕਈ ਤਿੱਤਲੀਆਂ



ਨਾੜ ਨੂੰ ਅੱਗ
ਖੇਤ 'ਚ ਖੜਾ ਤੂਤ
ਗਿਆ ਲੂਸਿਆ



ਮੱਸਿਆ ਦੀ ਰਾਤ
ਹਨੇਰੇ ਨੂੰ ਜਾਵੇ ਚੀਰਦਾ
ਇੱਕ ਜੁਗਨੂੰ



ਵਗਦੀ ਲੋਅ
ਵੇਹੜੇ 'ਚ ਡਿਗਿਆ
ਪਿਆਸਾ ਕਾਂ



ਮੂੰਹ ਹਨੇਰਾ
ਗਲੀ 'ਚ ਖੇਡਣ ਬੱਚੇ
ਲੁੱਕਣ ਮੀਟੀ



ਕਣੀਆਂ ਦੀ ਝੂਰ
ਚਮਕੇ ਸਤਰੰਗੀ ਪੀਂਘ
ਨਿੱਕਲੀ ਧੁੱਪ



ਪੋਹ ਦੀ ਸਵੇਰ
ਜੋਗੀ ਪਾਇਆ ਫੇਰਾ
ਬੋਲੇ ਇੱਕ ਤਾਰਾ



ਵੇਹੜੇ ਮੰਜਾ
ਧਰਤੀ ਉੱਤੇ ਛਾਂਵਾਂ
ਡੱਬ ਖੜੱਬੀ



ਸਵੇਰ ਵੇਲਾ
ਨਿੱਕੀ ਬੱਚੀ ਲਿਖਦੀ
ਫੱਟੀ ਤੇ ਉ ਅ



ਪੂਰਨਮਾਸ਼ੀ
ਵੇਹੜੇ 'ਚ ਖੁਸ਼ਬੋ
ਰਾਤ ਦੀ ਰਾਣੀ ਦੀ



ਤ੍ਰਿਵੇਣੀ ਦੀ ਛਾਂ
ਖੇਡਣ ਮੁੱਛ-ਫੁੱਟ
ਸੀਪ ਦੀ ਬਾਜ਼ੀ



ਸ਼ਾਮ ਦਾ ਵੇਲਾ
ਬੂਹੇ 'ਚ ਖੜੀ ਤੱਕੇ
ਮਾਹੀ ਦਾ ਰਾਹ



ਪਿੰਡ ਦੀ ਸੱਥ
ਪੰਚਾਇਤ ਕਰੇ ਫੈਸਲਾ
ਬਟਵਾਰੇ ਦਾ



ਸ਼ਾਮ ਦਾ ਵੇਲਾ
ਕੱਚੇ ਚੁਬਾਰੇ ਉੱਤੇ
ਆ ਬੈਠੇ ਮੋਰ



ਫੁਲਕਾਰੀ 'ਚ
ਭਰਿਆ ਪਹਿਲਾ ਤੋਪਾ
ਮਾਹੀ ਦੇ ਨਾਂ



ਬਾਰਡਰ ਤੇ
ਝੰਡਿਆਂ ਨੂੰ ਸਲਾਮੀ
ਪੂਰੇ ਜੋਸ਼ ’ਚ



ਰੇਲ ਫਾਟਕ
ਗੋਦੀ ਚੁੱਕਿਆ ਬੱਚਾ
ਮੰਗਦੀ ਭੀਖ



ਰੇਲ ਸਫ਼ਰ
ਨਵੀ ਵਿਆਹੀ ਜੋੜੀ
ਬੈਠੀ ਜੁੜਕੇ



ਸਰੋਵਰ
ਇਸਨਾਨ ਕਰਦਿਆ
ਛੂ ਕੇ ਲੰਘੀ ਮੱਛੀ



ਪੱਕੀ ਕਣਕ
ਜਾਵੇ ਵੱਟ ਤੇ ਤੁਰੀ
ਰੰਗ ਇੱਕ-ਮਿੱਕ



ਜੰਗਲ 'ਚ ਅੱਗ
ਰੁੱਖਾਂ ਤੋਂ ਉਪਰ ਉੱਡੇ
ਕਿੰਨੇ ਹੀ ਪੰਛੀ



ਬੁਣੇ ਸਵੈਟਰ
ਡਾਕੀਏ ਨੂੰ ਵੇਖ ਕੇ
ਛੁੱਟੀ ਸਲਾਈ



ਲੋਹੜੀ ਦਾ ਦਿਨ
ਬੱਚਿਆਂ ਹੱਥ ਝੋਲੇ
ਮੰਗਦੇ ਲੋਹੜੀ



ਸੂਰਜਮੁੱਖੀ
ਘੁੰਮੇ ਸੂਰਜ ਨਾਲ
ਖਿੜਿਆ ਮੁੱਖ



ਪ੍ਰਵਾਤ ਫੇਰੀ
ਵੱਜਦੇ ਢੋਲਕੀ ਛੈਣੇ
ਨਾਲੇ ਜੈਕਾਰੇ



ਰੱਖੜੀ ਦਾ ਦਿਨ
ਛੜੇ ਨੇ ਕੀਤੀ ਬੰਦ
ਗਲੀ ਦੀ ਬਾਰੀ



ਹਾੜ ਦੀ ਧੁੱਪ
ਕੱਚੀ ਕੰਧ ਉੱਪਰ
ਚਮਕੇ ਮੋਰ



ਪੈ ਰਿਹਾ ਮੀਂਹ
ਬੱਚੇ ਨੇ ਬਣਾ ਕੇ ਛੱਡੀ
ਇੱਕ ਕਿਸਤੀ



ਵਾਢੀ ਦੇ ਦਿਨ
ਕਿਸਾਨ ਤੱਕ ਰਿਹਾ
ਸੋਨੇ ਰੰਗੀ ਕਣਕ



ਹਾਇਕੂਕਾਰ
ਰਹਿ ਗਿਆ ਸੁਪਨਾ
5 ਸੱਤ **5** ਦਾ



ਕਰਵਾ–ਚੌਥ
ਸਾਹਮਣੇ ਮਾਹੀ
ਉਡੀਕੇ ਚੰਨ



ਦਾਦੀ ਦਾ ਸੰਦੂਖ
ਖੋਲਦਿਆ ਨਿਕਲੀ
ਇੱਕ ਫੁਲਕਾਰੀ



ਵ੍ਹੇੜੇ 'ਚ ਪਿਆ
ਕੰਨ ਕੋਲ ਬੋਲਿਆ
ਭੀਂ–ਭੀਂ ਮੱਛਰ



ਮੱਕੀ ਦਾ ਖੇਤ
ਬੈਠਾ ਛੱਲੀਆਂ ਦੀ ਰਾਖੀ
ਹੱਥ 'ਚ ਗਲੇਲ



ਰੁੱਖ ਤੇ ਚੜਿਆ
ਤੋੜੇ ਰਿਹਾ ਜ਼ਾਮਣਾਂ
ਜੀਭ ਜ਼ਾਮਣੀ



ਪੈਣ ਕਣੀਆਂ
ਗੁਆਂਢੀਆਂ ਦੇ ਘਰੋਂ
'ਵਾ ਨਾਲ ਖੁਸ਼ਬੋ



ਪੈਂਦੀ ਬਰਖਾਂ
ਕੱਚੇ ਰਾਹ 'ਚ ਫਸੀ ਰੇੜ੍ਹੀ
ਪਾਈ ਬੀਂਡੀ



ਮਹਿੰਦੀ ਦਾ ਬੂਟਾ
ਪੱਤੇ ਤੋੜਦਿਆਂ ਦੇ
ਚੜਿਆ ਰੰਗ



ਕੀੜੀ 'ਤੇ ਕੀੜੀ
ਇਕੱਠੀਆਂ ਖਿੱਚਣ
ਚੌਲ ਦਾ ਦਾਣਾ



ਪਹਿਲੀ ਚਾਹ
ਗੁੜ੍ਹ ਤੇ ਇਲਾਚੀਆਂ ਦੀ
ਆਵੇ ਖੁਸ਼ਬੋ



ਹੁਮਸੀ ਸ਼ਾਮ
ਬੁੜਕ ਕੇ ਡਿਗਣ
ਚੀਨੇ ਕਬੂਤਰ



ਪੂਰਨਮਾਸ਼ੀ
ਚੰਨ ਕੋਲੋ ਗੁਜ਼ਰੇ
ਕਾਲੇ ਬੱਦਲ



ਲਟਕੇ ਖੂੰਡੀ
ਦਾਦੇ ਨੂੰ ਗੁਜ਼ਰਿਆ
ਚੜਿਆ ਪੋਹ



ਭਾਦੋਂ ਦੀ ਦੁਪਹਿਰ
ਚੜੀ ਕਾਲੀ ਘਟਾਅ
ਨਿਕਲੀ ਧੁੱਪ



ਕੱਤਕ ਦੀ ਸਵੇਰ
ਕਿਸਾਨ ਖੇਤਾਂ 'ਚ ਲਾਵੇ
ਕਣਕ ਨੂੰ ਪਾਣੀ



ਮਾਘ ਦੀ ਸੰਗ੍ਰਾਂਦ
ਦਾਦੀ ਗੁਰਦੁਆਰੇ
ਚੱਲੀ ਨੰਗੇ ਪੈਰੀਂ



ਤੂਫਾਨ ਖੜਾ
ਪੈਰ ਦੀ ਲਾਕੇ ਆਟ
ਮਾਰਦਾ ਰੰਦਾ



ਕਬੂਤਰ
ਮੀਂਹ ਪੈਣ ਪਿੱਛੋਂ
ਝਣਕੇ ਖੰਭ



ਸ਼ਾਮ ਹੁੰਦਿਆ
ਚਿੱਟੇ ਬੱਦਲਾਂ ਦਾ ਰੰਗ
ਹੋਇਆ ਸੰਧੂਰੀ



ਅੱਤ ਦੀ ਗਰਮੀ
ਔਲੂ ਵਿੱਚ ਨਹਾਵੇ
ਮਾਰੇ ਡੁੱਬਕੀ



ਭਾਦੋ ਦਾ ਮੀਂਹ
ਖੇਤਾਂ 'ਚ ਲੋਹੜੇ ਦਾ
ਪਿੰਡ 'ਚ ਸੋਕਾ



ਪੋਹ ਦੀ ਦੁਪਹਿਰ
ਧੱਪ 'ਚ ਬੈਠੀ ਦਾਦੀ
ਵੱਟੇ ਖੇਸ ਦੇ ਬੰਬਲ



ਬੈਠਾ ਤੂਤ ਹੇਠ
ਮਾਰੇ ਪੱਖੀ ਦੀ ਝੱਲ
ਗਰਮ ਹਵਾ



ਹਾੜ ਦੀ ਸੰਗ੍ਰਾਦ
ਦੇਗ ਵਰਤਾਉਦਾ ਭਾਈ
ਗਰਮੀ-ਗਰਮੀ



ਤ੍ਰਿੱਖਰ ਦੁਪਹਿਰ
ਟ੍ਹਾਣੀ ਤੋਂ ਉਡਿਆ ਪੰਛੀ
ਨਾਲੇ ਪ੍ਰਛਾਂਵਾਂ



ਉੱਚਾ ਪਹਾੜ
ਡਿਗੇ ਪਾਣੀ ਦੀ ਧਾਰਾ
ਮੇਰੇ ਤੇ ਛਿੱਟੇ



ਸਾਉਣ ਮਹੀਨਾ
ਕਿਣ-ਮਿਣ ਕਣੀਆਂ
ਕਦਮ ਤੇਜ



ਸਾਉਣ ਮਹੀਨਾ
ਅਸਮਾਨ 'ਚ ਚਮਕੇ
ਸਤਰੰਗੀ ਪੀਂਘ



ਸਾਉਣ ਮਹੀਨਾ
ਕਿੰਨੀਆਂ ਹੀ ਕਣੀਆਂ
ਕੱਢਦੀ ਧਾਰ



ਸਾਉਣ ਮਹੀਨਾ
ਤੇਜ ਜਾ ਰਹੀ ਰੇਲ
ਟਕਰਾਕੇ ਕਣੀਆਂ ਦੂਣੀਆਂ



ਸਾਉਣ ਮਹੀਨਾ
ਤਲਾਬ 'ਚ ਲਹਿਰਾਂ
ਜੋਰ ਦਾ ਮੀਂਹ



ਸਾਉਣ ਮਹੀਨਾ
ਬੱਦਲਾਂ ਦੀ ਗਰਜ਼
ਮੋਰ ਦੀ ਕੂਕ



ਸਾਉਣ ਮਹੀਨਾ
ਬਾਗ 'ਚ ਖਿੜੇ ਫੁੱਲ
ਟੱਪਕੇ ਪਾਣੀ



ਸਾਉਣ ਮਹੀਨਾ
ਸੂਰਜ ਚੜਦਿਆ
ਚੜੀ ਘਟਾਅ



ਸਾਉਣ ਮਹੀਨਾ
ਮੀਂਹ 'ਚ ਨਹਾਉਦੇ ਬੱਚੇ
ਟਾਇਰਾਂ ਦੀ ਰੇਸ



ਸਾਉਣ ਮਹੀਨਾ
ਵੇਹੜੇ 'ਚ ਨਿਕਲੇ
ਕਿੰਨੇ ਭਮੱਕੜ



ਸਾਉਣ ਮਹੀਨਾ
ਤੇਰੀ ਯਾਦ ਤਾਂ ਆਵੇ
ਵਾਂਗ ਝੜੀ ਦੇ



ਸਾਉਣ ਮਹੀਨਾ
ਮੀਂਹ ਦੇ ਰੁੱਕਦਿਆ
ਚਹਿਕੇ ਪੰਛੀ



ਸਾਉਣ ਮਹੀਨਾ
ਚੱਲਿਆ ਰੰਗਰੂਟ
ਅੱਖੀਆਂ ਨਮ



ਸਾਉਣ ਮਹੀਨਾ
ਖਿੜਕੀ ਚੋਂ ਵੇਖਦੀ
ਮਾਹੀ ਦਾ ਰਾਹ



ਪੈਸਾ ਨਚਾਵੇ
ਢਿੱਡ ਦੀ ਖਾਤਰ
ਨੱਚੇ ਦਨੀਆਂ



ਸੂਰਜ ਕਿਰਨਾਂ
ਪਈਆਂ ਮੁੱਖੜੇ ਤੇ
ਚਮਕੇ ਸ਼ੀਸਾ



ਚੜਦਾ ਸੂਰਜ
ਮੀਂਹ ਧੋਤੇ ਰੁੱਖਾਂ ਤੇ
ਚੜਿਆ ਰੰਗ



ਜੋਰ ਦਾ ਮੀਂਹ
ਤੇਜ ਹਵਾ ਦੇ ਨਾਲ
ਖੜਕੇ ਬਾਰੀ



ਜਾਗਣ ਤਾਰੇ
ਮੈ ਕੋਠੇ ਉੱਤੇ ਪਿਆ
ਜਾਗ਼ਾ ਇਕੱਲਾ



ਨਿੱਕਾ ਜਿਹਾ ਬੱਚਾ
ਸੁੱਤਾ ਮਾਂ ਦੀ ਗੋਦੀ 'ਚ
ਬੁੱਲਾਂ ਤੇ ਹਾਸਾ



ਵਗੇ ਨਹਿਰ
ਵਿੱਚ ਦੀ ਲੰਘ ਗਈ
ਬੱਦਲਾਂ ਦੀ ਛਾਂ



ਸਾਉਣ ਮਹੀਨਾ
ਬੱਦਲਾਂ ਦੀ ਛਾਂ ਹੇਠ
ਖਿੜੀ ਦੁਪਹਿਰ ਖਿੜੀ



ਚਾਨਣੀ ਰਾਤ
ਗੁਰਦੁਆਰੇ ਦਾ ਗੁਬੰਦ
ਚਮਕੇ ਦੁੱਧ ਚਿੱਟਾ



ਪੂਰਨਮਾਸ਼ੀ
ਚੰਨ ਤੇ ਚਕੋਰ
ਹੋਏ ਇੱਕ-ਮਿੱਕ



ਵਗ੍ਹੇ ਹਨੇਰੀ
ਸਿਰ ਤੋਂ ਉੱਡੀ ਚੁੰਨੀ
ਨਾਲੇ ਜੁਲ਼ਫਾਂ



ਨਿੱਕਾ ਬੱਚਾ
ਵਜਾਉਦਾ ਚੁੱਟਕੀ
ਜਾਵੇ ਖਾਲੀ



ਵਗਦੀ ਲੋਅ
ਗਿੱਲਾ ਕਰ ਕੱਪੜਾ
ਮੂੰਹ ਲਪੇਟੇ



ਸ਼ਾਮ ਦਾ ਵੇਲਾ
ਪੀ ਕੇ ਆਇਆ ਸ਼ਰਾਬ
ਤੱਕੇ ਕੰਧੋਲੀ ਚੋਂ



ਰਾਤ ਦਾ ਵੇਲਾ
ਕੋਠੇ ਤੇ ਬੈਠਾ ਉਦਾਸ
ਗਿਣਦਾ ਤਾਰੇ



ਹੱਥੀ ਮਹਿੰਦੀ
ਬਣਾਇਆ ਮੋਰ
ਪਾਉਦਾ ਪੈਲ਼



ਸਾਉਣ ਮਹੀਨਾ
ਅੰਬ ਤੇ ਬੈਠਾ ਤੋਤਾ
ਟੁੱਕੇ ਅੰਬੀਆਂ



ਸਵੇਰ ਵੇਲਾ
ਪੰਛੀਆਂ ਨੂੰ ਪਾਵੇ ਚੋਗਾ
ਚੇਹਰੇ ਦਾ ਰੰਗ ਸੁਰਖ਼



ਪਤਝੜ 'ਚ
ਸੁੰਨੇ ਰੁੱਖ ਤੇ ਅਟਕਿਆ
ਪੁੰਨਿਆ ਦਾ ਚੰਨ



ਪੈਣ ਕਣੀਆਂ
ਪੈਲ਼ ਪਾਉਦਾ ਮੋਰ
ਡਿਗਿਆ ਖੰਭ



ਲੋ੍ੜੇ ਦਾ ਮੀਂਹ
ਅੰਦਰ ਆਵੇ ਵਾਛੜ
ਟੁੱਟੀ ਬਾਰੀ ਚੋਂ



ਅਕਾਸ਼
ਅੱਖਾਂ 'ਚ ਚਮਕਣ
ਕਿੰਨੇ ਹੀ ਤਾਰੇ



ਬਿੱਲੀ ਦਾਅ ਤੇ
ਖੁੱਡ ਚੋਂ ਝਾਕੇ ਚੂਹਾ
ਡਰ-ਡਰ ਕੇ



ਦਾਦਾ ਤੇ ਦਾਦੀ
ਬੈਠੇ ਵੇਹੜੇ ਵਿੱਚ
ਖਾਣ ਮੂੰਗਫ਼ਲੀ



ਕਣਕ ਦਾ ਵੱਡ
ਭਰੀਆਂ ਕੋਲ ਬੋਲੇ–
ਟਟਹੀਰੀ



ਆਈ ਵਿਸਾਖੀ
ਗੁਰੂ ਘਰ ਮੱਥਾ ਟੇਕ
ਤੁਰੇ ਵਾਢੀ ਨੂੰ



ਘਰ 'ਚ ਖੁਸ਼ੀ
ਨਵ ਜੰਮੇ ਬੱਚੇ ਨੇ
ਮਾਰੀ ਕਲਕਾਰੀ



ਬੱਲੀ ਨੂੰ ਭੋਰ
ਗੁਹ ਨਾਲ ਵੇਖੇ
ਕਿੰਨ-ਕੁ ਝਾੜ



ਨਿਤ ਦਾ ਸ਼ਰਾਬੀ
ਠੇਕੇ ਕੋਲੋ ਲੰਘਿਆ
ਟੇਡਾ ਜਿਹਾ ਝਾਕਦਾ



ਜੇਠ ਮਹੀਨਾ
ਹਲ਼ ਵ੍ਹਾਉਦਾ ਥੱਕ ਕੇ
ਸੁੱਤਾ ਤੂਤ ਹੇਠ



ਸ਼ਾਮ ਦਾ ਵੇਲਾ
ਵੇਹੜੇ ਬੈਠੀ ਦਾਦੀ
ਫੇਰਦੀ ਮਾਲ਼ਾ



ਪੋਹ ਮਹੀਨਾ
ਵੇਹੜੇ ਬੈਠਾ ਦਾਦਾ
ਸੁਕਾਵੇ ਕੇਸ



ਵਾਢੀ ਦੇ ਦਿਨ
ਲੁਹਾਰ ਬੈਠਾ ਲਾਵੇ
ਦਾਤੀ ਨੂੰ ਦੰਦੇ



ਹੱਥੀ ਮਹਿੰਦੀ
ਬਣਾਈ ਹੋਈ ਚਿੜੀ
ਖਿਲਾਰੇ ਖੰਭ



ਰਾਤ ਦਾ ਵੇਲਾ
ਕੰਨ ਕੋਲੋ ਦੀ ਗਈ
ਚਮ-ਚੜਿਕ



ਸਵੇਰ ਵੇਲਾ
ਮਾਂ ਪਾਇਆ ਚਾਹ ਲਈ
ਪਤੀਲੀ 'ਚ ਪਾਣੀ



ਸਵੇਰ ਦੀ ਸੈਰ
ਅਨੰਦ ਆ ਗਿਆ
ਗੁੜ ਦੀ ਖੁਸ਼ਬੋ



ਸੂਰਜ ਦੀਆਂ ਕਿਰਨਾਂ
ਦਾਦੀ ਦੇ ਸਿਰ ਤੇ
ਚਾਂਦੀ ਰੰਗੇ ਵਾਲ਼



ਸ਼ਾਮ ਦਾ ਵੇਲਾ
ਵੇਹੜੇ 'ਚ ਬੈਠੀ ਦਾਦੀ
ਕੁੱਟੇ ਚਟਨੀ



ਤ੍ਰਿੱਖਰ ਦੁਪਹਿਰ
ਤੂਤ ਤੇ ਬੈਠੀ ਘੁੱਗੀ
ਕਰੇ ਘੁੱਗੂ-ਘੂ



ਵ-ਵਰੋਲਾ
ਅਧ-ਅਸਮਾਨ 'ਚ
ਉੱਡੇ ਲਿਫਾਫਾ



ਸਮੁੰਦਰ ਕਿਨਾਰਾ
ਮੁੜ ਗਈ ਲਹਿਰ
ਪੈਰਾਂ ਨੂੰ ਛੂ ਕੇ



ਮਾਰਚ
ਸੂਰਜ ਚੜਦਿਆ
ਗਿਆ ਠੇਕੇ ਨੂੰ



ਸੁੰਨੀ ਹਵੇਲੀ
ਅੰਦਰ ਲੱਗੇ ਅੰਬ ਤੇ
ਕਿੰਨੇ ਹੀ ਅੰਬ



ਸ਼ਾਮ ਹੁੰਦਿਆ
ਨਹਿਰ 'ਚ ਸੂਰਜ ਦੀ
ਇੱਕ ਡੁੱਬਕੀ



ਮਾਂ ਹੱਸ ਰਹੀ
ਨਿੱਕੇ ਬੱਚੇ ਨੇ ਪੁੱਟਿਆ
ਪਹਿਲਾ ਪੈਰ



ਨਵੇ ਸਾਲ ਨੂੰ
ਛੜੇ ਨੇ ਦਾੜ੍ਹੀ ਚੋਂ ਪੁੱਟੇ
ਸਾਰੇ ਹੀ ਧੌਲੇ



ਭਰੂਣ ਹੱਤਿਆ
ਕਲੀਨਿਕ 'ਚ ਡਾਕਟਰ
ਕਤਲ ਕਰ ਮੁਸਕਰਾਏ



ਭੈਣ ਦੀ ਰੱਖੜੀ
ਬੰਨਦਿਆ ਰੋਇਆ
ਪ੍ਰਦੇਸੀ ਵੀਰ



ਕਾਲੀ ਘਟਾਅ
ਚੰਨ ਕੋਲ ਲਿਸ਼ਕੀ
ਕਿੰਨੀ ਬਿਜਲੀ



ਅੰਬ ਦਾ ਬੂਟਾ
ਮੰਜੇ ਤੇ ਖੇਡੇ ਬੱਚਾ
ਪੱਤਿਆਂ ਨਾਲ



ਮੂੰਹ ਹਨੇਰਾ
ਅੱਗੇ ਲੰਘਿਆ ਮੈਤੋਂ
ਇੱਕ ਜੁਗਨੂੰ



ਪੈਰ ਪੁੱਟਿਆ
ਨਾਲ ਹੀ ਤੁਰ ਪਿਆ
ਮੇਰਾ ਪ੍ਰਛਾਂਵਾਂ



ਪੁਰਾਣਾ ਖਤ
’ਚ ਪਈਆਂ ਅਜੇ ਵੀ
ਫੁੱਲ ਪੱਤੀਆਂ



ਸ਼ਾਤ ਮੌਸਮ
ਕਿੰਨੀ ਉੱਚੀ ਗੂੰਜ਼ਦੇ
ਬੀਡੇ ਦੇ ਬੋਲ



ਤ੍ਰੇਲ ਤੁਪਕਾ
ਹੋਰ ਨਿਖਰੇ ਫੁੱਲ
ਧੁੱਪ ਪੈਣਾ ਤੇ



ਗੁਲਦਸਤਾ
ਨਵੇਂ ਸਾਲ ਦਾ ਤੋਹਫਾ
ਖਿੰਡੀ ਮਹਿਕ



ਸ਼ੀਸ਼ ਮਹਿਲ
ਹਿੱਲੇ ਤਲਾਬ ਦਾ ਪਾਣੀ
ਤੇ ਲਿਸ਼ਕੋਰ



ਪ੍ਰਦੇਸੀ ਵੀਰ
ਰੱਖੜੀ ਦੇ ਦਿਨ ਭੈਣ
ਬੰਨੇ ਰੱਖੜੀ ਫੋਟੋ ਤੇ



ਚੀਰੇ ਭਿੰਡੀਆਂ
ਵਿੱਚੋਂ ਨਿਕਲੀ ਸੁੰਡੀ
ਛੁੱਟੀ ਕਰਦ



ਪੱਕਿਆ ਝੋਨਾ
ਖਾਲੋ-ਖਾਲ ਜਾ ਰਿਹਾ
ਉੱਡਣ ਟਿੱਡੇ



ਜਾ ਰਿਹਾ ਤੇਜ
ਤੇਜ ਲੰਘਿਆ ਕੋਲੋ
ਵ-ਵਰੋਲਾ



ਦਿਨ ਦਾ ਛੁਪਾ
ਆਪਣੀ ਮਸਤੀ 'ਚ
ਇੱਕ ਜੁਗਨੂੰ



ਪੁੰਨਿਆ ਰਾਤ
ਇੱਕ ਚੰਨ ਅੰਬਰੀ
ਦੂਜਾ ਨਦੀ 'ਚ



ਸ਼ਾਮ ਹੁੰਦਿਆ
ਆਪਣੀ ਮਸਤੀ 'ਚ
ਇਕ ਜੁਗਨੂੰ



ਕਿੰਨ੍ਹੇ ਹੀ ਤਾਰੇ
ਮੇਰੀਆਂ ਅੱਖਾਂ ਵਿਚ
ਸਮੋਏ ਸਾਰੇ



ਦੀਵਾ ਬਾਲ਼ਿਆ
ਮੇਰੇ ਓਦੇ ਹੱਥਾ 'ਚ
ਇਕੋ ਹੀ ਤੀਲ਼ੀ



ਤੁਰਿਆ ਜਾਵੇ
ਨਾਲ ਹੀ ਓਦੇ ਤੁਰੇ
ਪਿੱਛੇ ਪ੍ਰਛਾਂਵਾਂ